# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
# ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ

ਐਸ.ਸੀ.ਓ ਨੰ:- 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ੍ਹ ਫੋਨ ਨੰ: 0172- 5015864, 5015865

ਫੈਕਸ:0172-2624687, ਈ-ਮੇਲ: ssa.punjab@yahoo.com


ਵੱਲ

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.), ਪੰਜਾਬ।
ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.), ਪੰਜਾਬ।
ਸਮੂਹ ਮੰਡਲ ਸਿੱਖਿਆ ਅਫ਼ਸਰ, ਪੰਜਾਬ।
ਸਮੂਹ ਸਕੂਲ ਮੁਖੀ (ਵੈੱਬਸਾਈਟ ਰਾਹੀਂ)

ਮੀਮੋ ਨੰ: 50/ਸ.ਸ.ਅ/ਪੈਡਾਗੋਜ਼ੀ/ 76339-41
ਮਿਤੀ: ਚੰਡੀਗੜ੍ਹ 21-03-2012

ਵਿਸ਼ਾ:- ਸੀ.ਸੀ.ਈ ਦਾ ਰਿਕਾਰਡ ਪੂਰਾ ਕਰਨ ਹਿਤ।

1.0 ਉਪਰੋਕਤ ਵਿਸ਼ਾ ਉਚੇਚਾ ਧਿਆਨ ਦੀ ਮੰਗ ਕਰਦਾ ਹੈ।

2.0 ਇਸ ਦਫ਼ਤਰ ਦੇ ਧਿਆਨ ਵਿੱਚ ਆਇਆ ਹੈ ਕਿ ਕੁੱਝ ਅਧਿਆਪਕ ਸੀ.ਸੀ.ਈ ਨਾਲ ਸਬੰਧਤ ਰਜਿਸਟਰ/ਰਿਕਾਰਡ ਸਕੂਲ ਦੇ ਬੱਚਿਆਂ ਤੋਂ ਪੂਰਾ ਕਰਵਾ ਰਹੇ ਹਨ।

2.1 ਇਸ ਵਿਸ਼ੇ ਵਿੱਚ ਆਪ ਨੂੰ ਆਗਾਹ ਕੀਤਾ ਜਾਂਦਾ ਹੈ ਕਿ ਅਜਿਹਾ ਕਰਨਾ ਆਰ.ਟੀ.ਈ ਐਕਟ-2009 ਦੀ ਘੋਰ ਉਲੰਘਣਾ ਹੈ ਅਤੇ ਆਪਣੀ ਡਿਊਟੀ ਪ੍ਰਤੀ ਸੰਜੀਦਗੀ ਨਾ ਹੋਣ ਦਾ ਪ੍ਰਮਾਣ ਹੈ। ਰਿਕਾਰਡ ਚੈਕਿੰਗ ਦੌਰਾਨ ਜੇਕਰ ਅਜਿਹਾ ਹੋਇਆ ਪਾਇਆ ਜਾਂਦਾ ਹੈ ਤਾਂ ਅਧਿਆਪਕ ਅਤੇ ਸਕੂਲ ਮੁਖੀ ਅਨੁਸ਼ਾਸਨੀ ਕਾਰਵਾਈ ਦੇ ਭਾਗੀਦਾਰ ਹੋਣਗੇ।

3.0 ਮਾਰਚ 2012 ਦਾ ਵਿਸ਼ਾ ਅਧਿਆਪਕ ਸੀ.ਸੀ.ਈ ਦਾ ਰਜਿਸਟਰ ਉਸ ਦਿਨ ਤੱਕ ਪੂਰਾ ਕਰਨਗੇ, ਜਿਸ ਦਿਨ ਤੱਕ ਉਹਨਾਂ ਦਾ ਮੁਲਾਂਕਣ ਦਾ ਕੰਮ ਚਲਣਾ ਹੈ। ਅਮੂਮਨ ਨੌਵੀਂ ਜਮਾਤ ਤੱਕ ਮੁਲਾਂਕਣ ਦਾ ਕੰਮ 20.03.2012 ਤੱਕ ਚਲਣਾ ਹੈ। ਇਸ ਅਨੁਸਾਰ ਮੁਲਾਂਕਣ ਤਿੰਨ ਹਫ਼ਤਿਆਂ ਤੱਕ ਹੋ ਸਕਦਾ ਹੈ।

4.0 ਜੇਕਰ ਕਿਸੇ ਵਿਦਿਆਰਥੀ ਦੀ ਨੌਵੀਂ ਜਮਾਤ ਦੇ ਪਹਿਲੇ ਸਮੈਸਟਰ ਵਿੱਚੋਂ ਜਾਂ ਦੂਜੇ ਸਮੈਸਟਰ ਵਿੱਚੋਂ ਕਿਸੇ ਵਿਸ਼ੇ ਦੀ ਕੰਪਾਰਟਮੈਂਟ ਆ ਜਾਂਦੀ ਹੈ ਤਾਂ ਉਸ ਨੂੰ ਕੰਪਾਰਟਮੈਂਟ ਕਲੀਅਰ ਕਰਨ ਵਾਸਤੇ ਦਸਵੀਂ ਦੇ ਪਹਿਲੇ ਸਮੈਸਟਰ ਤੱਕ ਦੋ ਚਾਂਸ ਦਿੱਤੇ ਜਾ ਸਕਦੇ ਹਨ।

4.1 ਕੰਪਾਰਟਮੈਂਟ ਦਾ ਮੁਲਾਂਕਣ ਟੂਲ ਵਿਸ਼ਾ ਅਧਿਆਪਕ ਖੁਦ ਤਿਆਰ ਕਰਨਗੇ।

ਸਟੇਟ ਪ੍ਰੋਜੈਕਟ ਡਾਇਰੈਕਟਰ
ਸਰਵ ਸਿੱਖਿਆ ਅਭਿਆਨ ਅਥਾਰਟੀ
ਪੰਜਾਬ, ਚੰਡੀਗੜ੍ਹ